**ਅਕਾਦਮਿਕ ਸਾਲ 2024-25**

**ਵਿਸ਼ਾ- ਸਮਾਜਿਕ ਵਿਗਿਆਨ**

**ਸ਼੍ਰੇਣੀ - ਅੱਠਵੀਂ**

**ਮਾਡਲ ਪ੍ਰਸ਼ਨ ਪੱਤਰ**

**(ਵਿਲੱਖਣ ਸਮਰਥਾ ਵਾਲੇ ਪਰੀਖਿਆਰਥੀਆਂ ਲਈ )**

**ਸਮਾਂ: 3 ਘੰਟੇ** **ਕੁੱਲ ਅੰਕ: 80**

1. ਸਾਰੇ ਪ੍ਰਸ਼ਨ ਜ਼ਰੂਰੀ ਹਨ।
2. ਪ੍ਰਸ਼ਨ ਪੱਤਰ ਦੇ ਕੁੱਲ ਪੰਜ ਭਾਗ ਹਨ। ਭਾਗ- ੳ ਵਿੱਚ ਬਹੁਵਿਕਲਪੀ ਪ੍ਰਸ਼ਨ, ਭਾਗ-ਅ ਵਿੱਚ ਵਸਤੂਨਿਸ਼ਠ ਪ੍ਰਸ਼ਨ, ਭਾਗ-ੲ ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ, ਭਾਗ-ਸ ਵਿੱਚ ਸਰੋਤ ਅਧਾਰਤ ਪ੍ਰਸ਼ਨ ਅਤੇ ਭਾਗ-ਹ ਵਿੱਚ ਨਕਸ਼ੇ ਨਾਲ ਸੰਬੰਧਤ ਪ੍ਰਸ਼ਨ ਹਨ।
3. ਹਰ ਭਾਗ ਵਿੱਚ ਦਿੱਤੇ ਨੋਟ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣ।

**ਭਾਗ-ੳ**

**ਪ੍ਰਸ਼ਨ 1. ਹਰੇਕ ਬਹੁਵਿਕਲਪੀ ਪ੍ਰਸ਼ਨ 2 ਅੰਕ ਦਾ ਹੈ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ:-** **(2x10=20)**

(i). ਜੋ ਸਾਧਨ ਮੌਜੂਦ ਤਾਂ ਹੋਣ ਪਰ ਉਹਨਾਂ ਦੀ ਕੋਈ ਵਰਤੋਂ ਨਾ ਹੋਵੇ, ਕਿਹੜੇ ਸਾਧਨ ਕਹਾਉਂਦੇ ਹਨ?

(ੳ) ਜੀਵ ਸਾਧਨ (ਅ) ਨਿਰਜੀਵ ਸਾਧਨ (ੲ) ਵਿਕਸਿਤ ਸਾਧਨ (ਸ) ਸੰਭਾਵਿਤ ਸਾਧਨ

(ii). ਜੰਗਲੀ ਜੀਵਾਂ ਲਈ ਭਾਰਤੀ ਬੋਰਡ (Indian Board for wildlife) ਦੀ ਸਥਾਪਨਾ ਕਿਹੜੇ ਸੰਨ ਵਿੱਚ ਕੀਤੀ ਗਈ?

(ੳ) 1952 (ਅ) 1750 (ੲ)1687 (ਸ)1853

(iii). ਕੋਲੇ ਦੀਆਂ ਹੇਠ ਲਿਖੀਆਂ ਚਾਰ ਕਿਸਮਾਂ ਵਿੱਚੋਂ ਸਭ ਤੋਂ ਮਾੜੀ ਕਿਸਮ ਕਿਹੜੀ ਮੰਨੀ ਜਾਂਦੀ ਹੈ?

(ੳ) ਐਂਥਰੇਸਾਈਟ (ਅ) ਬਿੱਟੂਮੀਨਸ (ੲ) ਲਿਗਨਾਈਟ (ਸ) ਪੀਟ

(iv). ਬੰਗਾਲ ਵਿੱਚ ਭੂਮੀ ਲਗਾਨ ਪ੍ਰਬੰਧ ਸਥਾਈ ਬੰਦੋਬਸਤ ਕਿਸ ਅੰਗਰੇਜ਼ ਅਧਿਕਾਰੀ ਵੱਲੋਂ ਸ਼ੁਰੂ ਕੀਤਾ ਗਿਆ ਸੀ?

(ੳ) ਲਾਰਡ ਵਾਰਨ ਹੇਸਟਿੰਗਜ਼ (ਅ) ਲਾਰਡ ਡਲਹੌਜ਼ੀ

(ੲ) ਲਾਰਡ ਕਾਰਨਵਾਲਿਸ (ਸ) ਲਾਰਡ ਮੁਨਰੋ

(v). ਈਸਟ ਇੰਡੀਆ ਕੰਪਨੀ ਨੇ ਬੰਗਾਲ, ਬਿਹਾਰ ਅਤੇ ਉੜੀਸ਼ਾ ਦੀ ਦੀਵਾਨੀ ਕਦੋਂ ਪ੍ਰਾਪਤ ਕੀਤੀ?

(ੳ) 1777 ਈ: (ਅ) 1780 ਈ: (ੲ) 1765 ਈ: (ਸ) 1787 ਈ:

(vi). 1857 ਈ. ਦਾ ਵਿਦਰੋਹ ਕਿਸ ਸਥਾਨ ਤੋਂ ਸ਼ੁਰੂ ਹੋਇਆ ਸੀ?

(ੳ) ਲਖਨਊ (ਅ) ਬੈਰਕਪੁਰ (ੲ) ਦਿੱਲੀ (ਸ) ਕਾਨ੍ਹਪੁਰ

(vii). ਬੰਗਾਲ ਦੀ ਵੰਡ ਕਦੋਂ ਹੋਈ ਸੀ?

(ੳ) 1905 ਈ. (ਅ) 1909 ਈ. (ੲ) 1966 ਈ. (ਸ) 1957 ਈ.

(viii). ਸੰਵਿਧਾਨ ਦੀ ਮਸੌਦਾ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਦੱਸੋ।

(ੳ) 11 (ਅ)18 (ੲ) 07 (ਸ) 02

(ix). ਰਾਸ਼ਟਰਪਤੀ, ਰਾਜ ਸਭਾ ਵਿੱਚ ਕਿੰਨੇ ਮੈਂਬਰ ਨਾਮਜ਼ਦ ਕਰ ਸਕਦੇ ਹਨ?

(ੳ) 8 (ਅ) 12 (ੲ) 02 (ਸ) 10

(x). ATM ਦਾ ਪੂਰਾ ਨਾਂ ਕੀ ਹੈ?

(ੳ) ਆਟੋਮੇਟਿਡ ਟੈਲਰ ਮਸ਼ੀਨ (Automated teller machine) (ਅ) ਆਲ ਟਾਈਮ ਮਨੀ (All-time money)

(ੲ) ਐਨੀ ਟਾਈਮ ਮਨੀ (Any time money) (ਸ)ਐਡਵਾਂਸ ਟਾਈਮ ਮਨੀ (Advance time money)

**ਭਾਗ-ਅ**

**ਪ੍ਰਸ਼ਨ 2. ਹਰੇਕ ਵਸਤੂਨਿਸ਼ਠ ਪ੍ਰਸ਼ਨ ਦੇ ਦੋ ਅੰਕ ਹਨ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ:-** **(2x12=24)**

**ਖਾਲੀ ਥਾਵਾਂ ਭਰੋ:-**

i. ____________ਕੋਡ ਚੈੱਕ ਨੂੰ ਫ਼ੰਡ ਲੈਣ ਵਾਲੇ ਖਾਤੇ ਤੱਕ ਭੇਜਣ ਵਿੱਚ ਸਹਾਈ ਹੁੰਦਾ ਹੈ।

ii. ਉੱਤਰ ਪੂਰਬੀ ਭਾਰਤ ਵਿੱਚ, ਪੂਰਬ ਵਿੱਚ ਜੈਂਤੀਆਂ ਪਹਾੜੀਆਂ ਤੋਂ ਲੈ ਕੇ ਪੱਛਮ ਵਿੱਚ ਗਾਰੋ ਪਹਾੜੀਆਂ ਤੱਕ ਦੇ ਖੇਤਰ ਵਿੱਚ ਕਦੇ_______________ਕਬੀਲੇ ਦਾ ਹੀ ਰਾਜ ਸੀ।

iii. ਦੇਸੀ ਰਿਆਸਤਾਂ ਦੇ ਰਾਜੇ-ਮਹਾਰਾਜੇ____________ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਵਰਤੋਂ ਕਰਦੇ ਸਨ।

iv. ਪਹਿਲਾ ਮੌਲਿਕ ਅਧਿਕਾਰ_________________ ਹੈ।

**ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ:-**

v. ਸਾਧਨ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ☐

vi. ਮੈਰੀਨਾ ਬੀਚ (ਸਮੁੰਦਰੀ ਕਿਨਾਰਾ)10 ਕਿਲੋਮੀਟਰ ਲੰਬਾ ਹੈ। ☐

vii. ਪ੍ਰਸਤਾਵਨਾ ਵਿੱਚ ਸਮਾਨਤਾ ਸ਼ਬਦ ਦਰਜ ਨਹੀਂ ਕੀਤਾ ਗਿਆ। ☐

viii. ਨਿਆਂ ਪਾਲਿਕਾ ਨੂੰ ਸੰਵਿਧਾਨ ਦੀ ਰੱਖਿਅਕ ਕਿਹਾ ਜਾਂਦਾ ਹੈ। ☐

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ:-**

ix. ਪ੍ਰਮਾਣੂ ਪਦਾਰਥਾਂ ਦੀ ਵਰਤੋਂ ਸਾਨੂੰ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ?

x. ਆਫ਼ਤ ਕਿਸਨੂੰ ਕਿਹਾ ਜਾਂਦਾ ਹੈ?

xi. ਬਸਤੀਵਾਦ ਤੋਂ ਕੀ ਭਾਵ ਹੈ?

xii. ਅਨਪੜ੍ਹਤਾ ਤੋਂ ਕੀ ਭਾਵ ਹੈ?

**ਭਾਗ-ੲ**

**ਪ੍ਰਸ਼ਨ 3. ਸਾਰੇ ਪ੍ਰਸ਼ਨ ਲਾਜ਼ਮੀ ਹਨ ਅਤੇ ਹਰੇਕ ਪ੍ਰਸ਼ਨ ਦੇ 4 ਅੰਕ ਹਨ। ਹਰ ਪ੍ਰਸ਼ਨ ਦਾ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ:-**

**(4x4= 16 ਅੰਕ)**

i. ਸਾਧਨਾਂ ਦੀ ਸਹੀ ਸਾਂਭ-ਸੰਭਾਲ ਕਿਵੇਂ ਹੋ ਸਕਦੀ ਹੈ?

ii. ਸਰਕਾਰੀ ਦਸਤਾਵੇਜ਼ਾਂ 'ਤੇ ਨੋਟ ਲਿਖੋ।

iii. ਨਾਮਧਾਰੀ ਅੰਦੋਲਨ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?

iv. ਸੰਸਦੀ ਸਰਕਾਰ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਵਾਂ ਲਿਖੋ।

**ਭਾਗ-ਸ**

**ਪ੍ਰਸ਼ਨ 4. ਪੈਰ੍ਹੇ ਨੂੰ ਪੜ੍ਹਨ ਉਪਰੰਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-** **(2x 5=10)**

ਮੌਨਸੂਨ ਨੂੰ ਦੇਸ਼ ਦਾ ਉਹ ਕੇਂਦਰੀ ਧੁਰਾ ਮੰਨਿਆ ਜਾਂਦਾ ਹੈ ਜਿਸ ਉੱਤੇ ਖੇਤੀਬਾੜੀ ਦਾ ਸਮੁੱਚਾ ਆਰਥਿਕ ਢਾਂਚਾ ਨਿਰਭਰ ਕਰਦਾ ਹੈ। ਮੌਨਸੂਨੀ ਵਰਖਾ ਜਦੋਂ ਸਮੇਂ ਸਿਰ 'ਤੇ ਸਹੀ ਮਾਤਰਾ ਵਿੱਚ ਹੋ ਜਾਂਦੀ ਹੈ ਤਾਂ ਖੇਤੀ ਦਾ ਉਤਪਾਦਨ ਵੱਧ ਜਾਂਦਾ ਹੈ ਤੇ ਹਰ ਪਾਸੇ ਹਰਿਆਲੀ ਨਜ਼ਰ ਆਉਂਦੀ ਹੈ। ਮੌਨਸੂਨ ਪੌਣਾਂ ਦੀ ਅਸਫ਼ਲਤਾ ਦੇ ਕਾਰਨ ਫ਼ਸਲਾਂ ਸੁੱਕ ਜਾਂਦੀਆਂ ਹਨ। ਇਸ ਪ੍ਰਕਾਰ ਖੇਤੀਬਾੜੀ ਦੇ ਵਿਕਾਸ ਅਤੇ ਮੌਨਸੂਨੀ ਪੌਣਾਂ ਦਾ ਦੇਸ਼ ਅੰਦਰ ਬਹੁਤ ਗੂੜ੍ਹਾ ਸੰਬੰਧ ਬਣ ਜਾਂਦਾ ਹੈ। ਭਾਰਤ ਦੇ ਸਮਾਜ ਅਤੇ ਸੱਭਿਆਚਾਰ 'ਤੇ ਮੌਨਸੂਨ ਪੌਣਾਂ ਦਾ ਅਸਰ ਦੇਖਣ ਨੂੰ ਮਿਲਦਾ ਹੈ। ਲੋਕਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਰੀਤੀ ਰਿਵਾਜ 'ਤੇ ਮੌਨਸੂਨ ਪੌਣਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਇਸ ਦੇ ਆਉਣ ਦੀ ਉਡੀਕ ਵਿੱਚ ਲੋਕ-ਗੀਤ ਗਾਏ ਜਾਂਦੇ ਹਨ ਜਿਵੇਂ ਪੰਜਾਬ ਵਿੱਚ ਸਾਉਣ ਦੀਆਂ ਤੀਆਂ, ਹਰਿਆਣੇ ਦਾ ਸਾਵਣ, ਭੋਜਪੁਰ ਵਿੱਚ ਕਜਰੀ ਤੇ ਬ੍ਰਿਜ ਵਿੱਚ ਮਲ੍ਹਾਰ ਆਦਿ। ਦੇਸ਼ ਦੇ ਧਾਰਮਿਕ ਜੀਵਨ 'ਤੇ ਵੀ ਮੌਨਸੂਨ ਪੌਣਾਂ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਮੌਨਸੂਨੀ ਜਲਵਾਯੂ ਨੇ ਲੋਕਾਂ ਨੂੰ ਕਿਸਮਤਵਾਦੀ ਬਣਾ ਦਿੱਤਾ ਹੈ ਜਿਸ ਲਈ ਲੋਕ ਯੱਗ ਕਰਦੇ ਹਨ। ਅਨੇਕਾਂ ਤਿਉਹਾਰ ਵੀ ਮੌਨਸੂਨ ਨਾਲ ਜੁੜੇ ਹੋਏ ਹਨ।

1. ਖੇਤੀਬਾੜੀ ਦਾ ਸਮੁੱਚਾ ਆਰਥਿਕ ਢਾਂਚਾ ਕਿਹੜੇ ਕੁਦਰਤੀ ਵਰਤਾਰੇ 'ਤੇ ਨਿਰਭਰ ਕਰਦਾ ਹੈ?
2. ਹਰਿਆਣੇ ਵਿੱਚ ਜਦੋਂ ਸਾਉਣ ਦਾ ਮਹੀਨਾ ਮਨਾਇਆ ਜਾਂਦਾ ਹੈ ਤਾਂ ਪੰਜਾਬ ਤੇ ਭੋਜਪੁਰ ਵਿੱਚ ਕਿਹੜੇ ਤਿਉਹਾਰ ਮਨਾਏ ਜਾਂਦੇ ਹਨ?
3. ਭਾਰਤੀ ਲੋਕ ਕਿਸਮਤਵਾਦੀ ਕਿਵੇਂ ਬਣ ਗਏ ਹਨ?
4. ਮੌਨਸੂਨੀ ਵਰਖਾ ਦੇ ਖੇਤੀਬਾੜੀ ਨੂੰ ਕਿਹੜੇ -ਕਿਹੜੇ ਫ਼ਾਇਦੇ ਹੁੰਦੇ ਹਨ?
5. ਮੌਨਸੂਨ ਪੌਣਾਂ ਲੋਕਾਂ ਦੇ ਜੀਵਨ 'ਤੇ ਕਿਹੜੇ-ਕਿਹੜੇ ਪ੍ਰਭਾਵ ਪਾਉਂਦੀਆਂ ਹਨ?

**ਭਾਗ-ਹ**

**ਪ੍ਰਸ਼ਨ 5. ਭਾਰਤ ਦੇ ਨਕਸ਼ੇ ਵਿੱਚ ਕੋਈ 5 ਸਥਾਨ (ਤਿੰਨ ਸਥਾਨ ਭੂਗੋਲ ਭਾਗ ਵਿੱਚੋਂ ਅਤੇ ਦੋ ਸਥਾਨ ਇਤਿਹਾਸ ਭਾਗ ਵਿੱਚੋਂ ਦਰਸਾਓ :-** **(5x 2=10)**

**(ਭੂਗੋਲ ਭਾਗ)**

i. ਕਾਲੀ ਮਿੱਟੀ ਵਾਲਾ ਇਲਾਕਾ
ii. ਗੰਗਾ ਦਰਿਆ
iii. ਪਰਬਤੀ ਬਨਸਪਤੀ ਵਾਲਾ ਕੋਈ ਇਲਾਕਾ
iv. ਸੋਨਾ ਉਤਪਾਦਨ ਖੇਤਰ
v. ਚਾਹ ਉਤਪਾਦਨ ਖੇਤਰ

**(ਇਤਿਹਾਸ ਭਾਗ)**

vi. ਮਹਿਲਵਾੜੀ ਪ੍ਰਬੰਧ ਵਾਲਾ ਕੋਈ ਰਾਜ
vii. ਸੂਤੀ ਕੱਪੜੇ ਦੇ ਪਹਿਲੇ ਕਾਰਖਾਨੇ ਦਾ ਸਥਾਨ
viii. ਪਟਸਨ ਵਸਤ ਦੇ ਪਹਿਲੇ ਕਾਰਖਾਨੇ ਦਾ ਸਥਾਨ
ix. ਫ਼ੋਰਟ ਸੇਂਟ ਜਾਰਜ ਦਾ ਸਥਾਨ